**ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਫਰੀਦਕੋਟ।**

**Office of the Deputy Commissioner-cum- District Magistrate, Faridkot.**

**(ਫੁੱਟਕਲ ਸ਼ਾਖਾ)**

ਹੁਕਮ ਨੰ: ੫੨੫/ਫਸ

ਇਸ ਦਫਤਰ ਵੱਲੋਂ ਹੁਕਮ ਨੰਬਰ 212/ਫਸ ਮਿਤੀ 23.03.2020, ਜੋ ਕਿ ਪਿ.ਅੰ.ਨੰ: 1587/ਫਸ ਮਿਤੀ 23.03.2020 ਰਾਹੀਂ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਕੋਰੋਨਾ ਵਾਇਰਸ ਦੇ ਫੈਲਾਓ ਨੂੰ ਰੋਕਣ ਵਾਸਤੇ ਕਰਫਿਊ ਲਗਾਇਆ ਗਿਆ ਹੈ।

ਇਸ ਦਫਤਰ ਦੇ ਹੁਕਮ ਨੰ:413/ਫਸ ਮਿਤੀ 05.05.2020 ਜੋ ਪਿੱ:ਅੰ:ਨੰ:2510/ਫਸ ਮਿਤੀ 05.05.2020 ਰਾਂਹੀ ਜਾਰੀ ਕਰਦੇ ਹੋਏ ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ ਦੇ ਪੱਤਰ ਨੰ:**SS/ACSH/2020/354** ਮਿਤੀ 03.05.2020 ਰਾਂਹੀ ਜਾਰੀ ਹਦਾਇਤਾਂ ਦੇ ਪੈਰਾ 5 ਦੇ ਸਬ ਪੈਰਾ (iv) ਤਹਿਤ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ 10 ਕਰਮਚਾਰੀਆਂ ਦੇ ਸਟਾਫ ਸਹਿਤ ਬੱਚਿਆਂ ਨੂੰ ਆਨ-ਲਾਈਨ ਪੜ੍ਹਾਈ ਕਰਾਉਣ ਦੇ ਮੰਤਵ ਨਾਲ ਸੋਮਵਾਰ ਤੋਂ ਸ਼ਨੀਵਾਰ ਤੱਕ ਸਵੇਰੇ 09.00 ਵਜੇ ਤੋਂ ਬਾਅਦ ਦੁਪਹਿਰ 01.00 ਵਜੇ ਤੱਕ ਪ੍ਰਾਈਵੇਟ ਸਕੂਲ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਗਈ ਸੀ।

ਪ੍ਰੰਤੂ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ:), ਪੰਜਾਬ, ਮੋਹਾਲੀ ਦੇ ਪੱਤਰ ਮਿਤੀ 10.04.2020 ਜਿਸ ਰਾਂਹੀ ਸਮੂਹ ਸਰਕਾਰੀ, ਸਹਾਇਤਾਂ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਮਿਤੀ 10.05.2020 ਤੱਕ ਗਰਮੀਆਂ ਦੀਆਂ ਛੁੱਟੀਆਂ ਹੋਣ ਕਾਰਨ ਇਸ ਦਫਤਰ ਦੇ ਉਕਤ ਹੁਕਮ ਨੰ:413/ਫਸ ਮਿਤੀ 05.05.2020 ਨੂੰ ਮਿਤੀ 10-05-2020 ਤੱਕ ਵਾਪਿਸ ਲਿਆ ਜਾਂਦਾ ਹੈ। ਕੋਈ ਵੀ ਸਰਕਾਰੀ, ਸਹਾਇਤਾਂ ਪ੍ਰਾਪਤ ਅਤੇ ਪ੍ਰਾਈਵੇਟ ਸਕੂਲ ਕਿਸੇ ਵੀ ਕੰਮ ਲਈ ਖੋਲੇ ਨਹੀਂ ਜਾਣਗੇ।

ਮਿਤੀ 11-05-2020 ਤੋਂ (ਛੁੱਟੀਆ ਖਤਮ ਹੋਣ ਉਪਰੰਤ) ਇਸ ਦਫ਼ਤਰ ਵੱਲੋਂ ਜਾਰੀ ਹੁਕਮ ਨੰ:413/ਫਸ ਜੋ ਕਿ ਪਿ:ਅੰ:ਨੰ: 2510/ਫਸ-ਫਕ-2 ਮਿਤੀ 05-05-2020 ਜਾਰੀ ਹੁਕਮ ਜਿਲ੍ਹਾ ਫਰੀਦਕੋਟ ਅੰਦਰ ਲਾਗੂ ਰਹਿਣਗੇ।

ਇਹ ਹੁਕਮ ਤੁਰੰਤ ਪ੍ਰਭਾਵੀ ਅਸਰ ਸਹਿਤ ਲਾਗੂ ਹੋਣਗੇ।

ਇਹ ਹੁਕਮ ਅੱਜ ਮਿਤੀ 07-05-2020 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਮਿਤੀ 07-05-2020

(ਕੁਮਾਰ ਸੌਰਭ ਰਾਜ),ਆਈ.ਏ.ਐਸ.,
ਜਿਲ੍ਹਾ ਮੈਜਿਸਟਰੇਟ, ਫਰੀਦਕੋਟ।

District Magistrate FARIDKOT

ਪਿੱ:ਅੰ:ਨੰ: 2577 /ਫਸ ਮਿਤੀ 07.05.2020

ਉਪਰੋਕਤ ਦਾ ਉਤਾਰਾ:-

ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ
3) ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ
4) ਸਕੱਤਰ, ਪੰਜਾਬ ਸਰਕਾਰ,ਸਕੂਲੀ ਸਿੱਖਿਆ, ਚੰਡੀਗੜ੍ਹ
5) ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
6) ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ
7) ਉਪ ਮੰਡਲ ਮੈਜਿਸਟਰੇਟ, ਫਰੀਦਕੋਟ / ਕੋਟਕਪੂਰਾ ਅਤੇ ਜੈਤੋ
8) ਸਿਵਲ ਸਰਜਨ, ਫਰੀਦਕੋਟ
9) ਜਿਲ੍ਹਾ ਸਿੱਖਿਆ ਅਫਸਰ (ਸਕੈ:ਸਿੱ:)(ਐ:ਸਿੱ:), ਫਰੀਦਕੋਟ
10) ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ
11) ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ
12) ਡੀ.ਆਈ.ਓ., ਐਨ.ਆਈ.ਸੀ., ਫਰੀਦਕੋਟ
13) ਤਹਿਸੀਲਦਾਰ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ
14) ਬੀ.ਡੀ.ਪੀ.ਓ., ਫਰੀਦਕੋਟ, ਕੋਟਕਪੂਰਾ ਅਤੇ ਜੈਤੋ
15) ਸਮੂਹ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕ/ਪ੍ਰਿੰਸੀਪਲ

ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਮੈਜਿਸਟਰੇਟ,
ਫਰੀਦਕੋਟ।

CS Scanned with CamScanner